ੴ

# ਗੁਰਬਾਨੀ ਵਿਚਾਰ

# GURBANI CONTEMPLATION

**125**

## ਸਿਮਰਨੁ

## *SIMRAN*

**ਮਿਲਿ ਸਖੀਆ ਪੁਛਹਿ; ਕਹੁ ਕੰਤ ਨੀਸਾਣੀ**

**ਰਸਿ ਪ੍ਰੇਮ ਭਰੀ; ਕਛੁ ਬੋਲਿ ਨ ਜਾਣੀ**

**My mates ask me, "Tell us a sign of thy Spouse", I was so filled with His love elixir that I could not say anything**

ਭਾਗ – 16

**PART – 16**

# 'KHOJI'

# ਭਾਗ-16

ਜਦ ਲੜਕੀ ਦੀ ਕੁੜਮਾਈ ਹੋ ਜਾਂਦੀ ਹੈ ਤਾਂ ਉਸਦਾ ਧਿਆਨ, ਸੁਰਤੀ ਸਹਿਜੇ-ਸਹਿਜੇ 'ਪੇਕਿਆਂ ਵੱਲੋਂ' ਢਿੱਲੀ ਪੈਂਦੀ ਜਾਂਦੀ ਹੈ ਤੇ **'ਸਹੁਰੇ-ਘਰ' ਵਲ ਖਿਚੀਂਦੀ ਜਾਂਦੀ ਹੈ** । ਉਹ ਆਪਣੇ **'ਪ੍ਰੀਤਮ'** ਦੀਆਂ **'ਸੋਆਂ'** ਲੈਂਦੀ ਰਹਿੰਦੀ ਹੈ ਤੇ ਸਹੁਰੇ-ਘਰ ਦੀਆਂ ਗੱਲਾਂ ਵਿਚ ਉਸਦੀ **ਦਿਲਚਸਪੀ** ਵਧਦੀ ਜਾਂਦੀ ਹੈ । ਇਸ ਤਰ੍ਹਾਂ ਅਨਜਾਣੇ ਹੀ ਉਸ ਦੀ **'ਪ੍ਰੀਤ-ਡੋਰੀ'** ਆਪਣੇ 'ਪ੍ਰੀਤਮ' ਨਾਲ ਪੀਡੀ ਪੈਂਦੀ ਜਾਂਦੀ ਹੈ । ਉਸਦਾ ਮਨ, ਸੁਰਤੀ, **'ਆਪਾ'** ਆਪਣੇ ਪ੍ਰੀਤਮ ਦੀ **'ਯਾਦ'** ਅਥਵਾ **'ਸਿਮਰਨ'** ਵਿਚ ਸਹਿਜ-ਸੁਭਾਇ ਲੱਗਾ ਰਹਿੰਦਾ ਹੈ ।

ਇਹ **'ਸਿਮਰਨ-ਜੀਵਨ'** ਦੀ **'ਧਿਆਇ'** ਅਵਸਥਾ ਹੈ । ਇਸ ਅਵਸਥਾ ਵਿਚ ਸਹਿਜ-ਸੁਭਾਇ ਅਨਜਾਣੇ ਹੀ ਉਸਦੇ 'ਹਥ ਕਾਰ ਵਲ ਤੇ ਚਿਤ ਯਾਰ ਵਲ' ਲੱਗਾ ਰਹਿੰਦਾ ਹੈ । ਲੜਕੀ ਆਪਣੇ **ਪੇਕੇ ਘਰ** ਵਿਚ ਪਹਿਲਾਂ ਵਾਂਗ ਹੀ ਪੇਕੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਕਿਸੇ **'ਵੈਰਾਗ'** ਵਿਚ ਨਿਭਾਉਂਦੀ ਹੈ ।

ਕਈ ਲੋਕ ਸ਼ੰਕਾ ਕਰਦੇ ਹਨ ਕਿ ਜੇ **'ਸਿਮਰਨ'** ਕਰਨ ਵਿਚ ਲਗ ਪਏ ਤਾਂ ਦੁਨਿਆਵੀ ਕੰਮ ਕੌਣ ਕਰੂ ?

ਕਿਸੇ ਮੰਗੀ ਹੋਈ ਕੁੜੀ ਦਾ **ਪੇਕੇ-ਘਰ** ਵਿਚ ਜੀਵਨ ਬਤੀਤ ਕਰਨਾ, ਇਨਾਂ ਸ਼ੰਕੇਵਾਦੀਆਂ ਲਈ **ਢੁਕਵਾਂ-ਜਵਾਬ** ਹੈ ਜੋ ਇਕ ਅਮਲੀ-ਮਿਸਾਲ (practical example) ਹੈ ।

ਜਗਿਆਸੂ ਜਦ ਪੰਜਾਂ ਪਿਆਰਿਆਂ ਤੋਂ **'ਖੰਡੇ ਬਾਟੇ ਦਾ ਅੰਮ੍ਰਿਤ'** ਛਕ ਲੈਂਦਾ ਹੈ ਤਾਂ ਉਹ **'ਗੁਰੂ ਵਾਲਾ'** ਬਣ ਜਾਂਦਾ ਹੈ ਤੇ ਉਸਦੀ **'ਖਿੱਚ'** ਅਥਵਾ 'ਪਿਆਰ' ਗੁਰੂ-ਘਰ ਵਲ ਵਧਦਾ ਜਾਂਦਾ ਹੈ ।

ਜਿਉਂ-ਜਿਉਂ ਗੁਰਸਿਖ 'ਸਾਧ-ਸੰਗਤ' ਵਿਚ ਵਿਚਰਦਾ ਹੈ ਅਤੇ **'ਸਿਮਰਨ'** ਦੁਆਰਾ ਸ਼ਬਦ ਦੀ ਕਮਾਈ ਕਰਦਾ ਹੈ, ਤਿਉਂ-ਤਿਉਂ ਉਸਦੀ 'ਸੁਰਤੀ'-ਪ੍ਰੀਤ, ਪਿਆਰ, ਅਥਵਾ **ਪ੍ਰੇਮ-ਸਵੈਪਨਾਵਾਂ** ਮਾਣਦੀ ਹੋਈ, **ਇਲਾਹੀ ਪ੍ਰੀਤ-ਡੋਰੀ ਨਾਲ ਖਿਚੀਦੀ ਜਾਂਦੀ ਹੈ** । ਇਹ ਪ੍ਰੀਤ-ਡੋਰੀ ਢਿਲੀ ਨਹੀਂ ਪੈਂਦੀ, ਟੁੱਟਦੀ ਨਹੀਂ :—

**ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਉ ॥**
**ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥** (ਪੰਨਾ-੮੨੭)



# *SIMRAN* (WORD CONTEMPLATION)
# Part-16

When a girl gets engaged, slowly and slowly her attention and **consciousness** become slack 'from the parents' home and gets **'pulled towards her in-laws'**. She keeps looking for **'clues'** about her **'future husband'** and her interest in the happenings about the in-law's home increases. In this way her **'love-chord'** with her 'future husband' becomes stronger. Her mind, consciousness, and her 'whole self' spontaneously stay in the **'remembering'** or **'*Simran'*** of her future husband.

This **'life period'** is the **'meditative'** state of ***Simran***. In this state she is spontaneously and unknowingly absorbed with her 'hands at work and mind with her mate'. The girl in her **parents' home** continues to fulfill all the responsibilities, like before, but suffering the **'pangs of separation'**.

Some people express doubt, that if they get absorbed in practicing **'*Simran'***, who will do the worldly work?

This practical example of an engaged girl living in her parents' home is the most **befitting answer** to these doubters.

When a seeker partakes **'Ambrosial Nectar of the double-edged sword'** he begins to **'belong to the *Guru'*** and his **'attraction'** or 'love' towards the *Guru*-realm continues to increase.

As a *Gursikh* continues to participate in the '*Sadh Sangat*', and through '***Simran'*** practices the *Shabad*, accordingly, his consciousness enjoying affection, love and becoming an **embodiment of love**, **gets pulled by the Divine love-string**. This love- chord does not get lose nor does it break.

*I have contracted love with my Beloved. Pause.*
*The Lord of wealth has drawn me with such a string, that by breaking, it breaks not, and by letting it go, it goes not.* 827

ਬਿਸਰਤ ਨਾਹਿ ਮਨ ਤੇ ਹਰੀ ॥
ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ ॥ (ਪੰਨਾ-੧੧੨੦)

ਇਸ ਤਰ੍ਹਾਂ ਗੁਰਸਿਖ ਦੀ **'ਸੁਰਤੀ'** ਇਲਾਹੀ **ਪ੍ਰੀਤ-ਡੋਰੀ ਦੀ ਖਿੱਚ ਨਾਲ** ਆਤਮ-ਮੰਡਲ ਦੇ ਪ੍ਰੇਮ-ਸਵੇਪਨਾਵਾਂ ਦੇ ਅਕਾਸ਼ ਵਿਚ **ਉਡਾਰੀਆਂ ਲਾਉਂਦੀ ਹੋਈ** ਆਤਮ-ਰੰਗ-ਰਸ ਵਿਚ **ਅਲਮਸਤ ਮਤਵਾਰੀ** ਹੋ ਜਾਂਦੀ ਹੈ । ਉਸਨੂੰ ਮਾਇਕੀ ਮੰਡਲ ਦਾ **'ਮੋਹ'** ਅਥਵਾ **'ਪਕੜ'** ਨਹੀਂ ਰਹਿੰਦੀ ਤੇ ਉਹ **ਸਹਿਜ-ਸੁਭਾਇ** ਹੀ **'ਮਾਇਆ ਵਿਚ ਉਦਾਸੀ'** ਹੋ ਕੇ ਵਿਚਰਦਾ ਹੈ ।

ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ।
(ਵਾ.ਭਾ.ਗੁ.-੨੯/੧੫)

ਗੋਬਿਦ ਪ੍ਰੀਤਿ ਲਗੀ ਅਤਿ ਮੀਠੀ
ਅਵਰ ਵਿਸਰਿ ਸਭ ਜਾਇ ॥ (ਪੰਨਾ-੧੧੯੯)

ਗੁਰਮੁਖਿ ਹੋਇ ਸੁ ਅਲਿਪਤੋ ਵਰਤੈ
ਓਸ ਦਾ ਪਾਸੁ ਛਡਿ ਗੁਰ ਪਾਸ ਬਹਿ ਜਾਇਆ ॥ (ਪੰਨਾ-੩੦੩-੦੪)

ਮਾਇਆ ਮੋਹਿ ਨਟਿ ਬਾਜੀ ਪਾਈ ॥
ਮਨਮੁਖ ਅੰਧ ਰਹੇ ਲਪਟਾਈ ॥
ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥ (ਪੰਨਾ-੨੩੦)

ਅਸਲ ਵਿਚ ਗੁਰਮੁਖ ਦੇ ਮਾਇਕੀ ਅਤੇ ਆਤਮਿਕ ਜੀਵਨ ਵਿਚ, ਉਸਦੀ **ਸੁਰਤ ਦੀ ਡੋਰੀ** ਨੂੰ ਸਤਿਗੁਰੂ ਆਪਣੇ **ਹੱਥ ਵਿਚ ਫੜੀ ਰੱਖਦਾ ਹੈ** ਤੇ ਆਪਣੀ 'ਨਦਰ-ਕਰਮ' ਦੁਆਰਾ ਉਸਦੇ —

ਅੰਗ ਸੰਗ ਹੁੰਦਾ ਹੈ
ਖੇਲ ਖਿਲਾਉਂਦਾ ਹੈ
ਲਾਡ ਲਡਾਉਂਦਾ ਹੈ
ਪ੍ਰਿਤ ਪਾਲਦਾ ਹੈ
ਸਾਰ ਸਮਾਲਦਾ ਹੈ
ਕਲ-ਕਲੇਸ਼ ਤੋਂ ਬਚਾਉਂਦਾ ਹੈ
ਸ਼ਰਧਾ ਲਾਉਂਦਾ ਹੈ
ਪ੍ਰੇਮ ਪਦਾਰਥ ਬਖਸ਼ਦਾ ਹੈ
ਸਤਿਸੰਗ ਬਖਸ਼ਦਾ ਹੈ



***From my mind I do not forget my God now.***
*This love has become very strong now and it has burnt other sinful affections.*
*1120*

In this way the **'consciousness'** of the *Gursikh*, **with the pull** of Divine **love-chord** soars in the sky of Divine realms' love sentiments, and **taking flights** is **intoxicated in the intuitive love-elixir**. The **'attachment' or 'hold'** of the *Mayaci* world no longer affect him and he **spontaneously lives a life of 'detachment in *Maya*'.**

*Gursikhs are fully aware Yogis; Living in Maya they remain detached. VBG 29/15*

*Exceedingly sweet is the love of the World Lord,*
*that one forgets all other loves.* *1199*

*Those who turn Guru-ward, keep aloof from him (self-centered person)*
*They leave his association and sit near the Guru.* *303 – 304*

*The Actor has set up attachment to worldliness as a play for the mortals.*
*The blind irreligious ones remain clinging to it.*
*The Guru-wards remain detached & embrace affection for God.* *230*

Actually, in the *Gurmukh's Mayaci* and spiritual life, the **link of his consciousness**, *Satguru* keeps **holding in his own hand** and through his **Divine Grace and Blessing**, the *Guru* is -

always at hand
plays games
fondling/ cuddling
affectionately nurturing
looking after everything
protecting from conflicts
building faith
bestowing fruits of love
bestowing *Sadh Sangat*

**ਰਖਿਆ ਕਰਦਾ ਹੈ**
**ਨਾਮ ਜਪਾਉਂਦਾ ਹੈ**
**ਸਿਮਰਨ-ਜੀਵਨ ਬਖਸ਼ਦਾ ਹੈ**
ਸੇਵਾ ਵਿਚ ਲਾਉਂਦਾ ਹੈ ।

ਗੁਰਬਾਣੀ ਵਿਚ ਇਸ ਅਨੋਖੀ ਨਿਰਾਲੀ ਆਤਮਿਕ **'ਸਿਮਰਨ-ਜੀਵਨ'** ਦੀ ਖੇਲ ਨੂੰ ਇਉਂ ਸਪਸ਼ਟ ਕੀਤਾ ਗਿਆ ਹੈ —

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥੧॥
ਬਾਹਰਿ ਸੂਤੁ ਸਗਲ ਸਿਉ ਮਉਲਾ ॥
**ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ** ॥੧॥ ਰਹਾਉ॥
ਮੁਖ ਕੀ ਬਾਤ ਸਗਲ ਸਿਉ ਕਰਤਾ ॥
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥੨॥
ਦੀਸਿ ਆਵਤ ਹੈ ਬਹੁਤੁ ਭੀਹਾਲਾ ॥
ਸਗਲ ਚਰਨ ਕੀ ਇਹੁ ਮਨੁ ਰਾਲਾ ॥
ਨਾਨਕ ਜਨਿ ਗੁਰੁ ਪੂਰਾ ਪਾਇਆ ॥
ਅੰਤਰਿ ਬਾਹਰਿ ਏਕੁ ਦਿਖਾਇਆ ॥ (ਪੰਨਾ-੩੮੪-੮੫)

ਇਸ ਤਰ੍ਹਾਂ ਜਦ ਜਗਿਆਸੂ ਦੀ ਸੁਰਤ **'ਹਰਿ-ਨਾਮ' ਵਿਚ ਖੁਭੀ ਰਹੇ** ਤਾਂ ਉਹ ਸੰਸਾਰ ਵਿਚ 'ਮਹਿਮਾਨ' ਵਾਂਗ, 'ਤਿਆਗੀ' ਜੀਵਨ ਬਤੀਤ ਕਰਦਾ ਹੈ —

ਗੁਰ ਸਿਖ ਮਨਹੁ ਨ ਵਿਸਰੇ
**ਚਲਣੁ ਜਾਣਿ ਜੁਗਤਿ ਮਿਹਮਾਣਾ ।** (ਵਾਰ.ਭਾ.ਗੁ.-੩੨/੧)

ਦੁਨੀਆ ਵਿਚਿ **ਪਰਾਹੁਣਾ** ਦਾਵਾ ਛਡਿ ਰਹੈ ਲਾ ਦਾਵੇ ।
(ਵਾਰ.ਭਾ.ਗੁ.-੨੯/੧੩)

**ਅਫੀਮ** ਦੇ ਅਮਲੀ ਦੇ ਮਨ-ਚਿਤ ਵਿਚ ਸਹਿਜ-ਸੁਭਾਇ **'ਅਫੀਮ' ਦਾ 'ਸਿਮਰਨ' ਹੁੰਦਾ ਰਹਿੰਦਾ ਹੈ** । ਉਸ ਦੇ ਚਿਹਰੇ-ਮੋਹਰੇ, ਅੱਖਾਂ ਦੀ ਤੱਕਣੀ, ਕਹਿਣੀ-ਕਰਨੀ, ਰਹਿਣੀ-ਬਹਿਣੀ — ਸਭ ਵਿਚੋਂ ਅਫੀਮ ਦੀ **'ਝਲਕ' ਪੈਂਦੀ ਹੈ** ਤੇ ਉਹ **'ਅਫੀਮ' ਦਾ ਹੀ 'ਮੁਜੱਸਮ' ਅਥਵਾ 'ਸਰੂਪ' ਬਣ ਜਾਂਦਾ ਹੈ ।**

ਇਸੇ ਤਰ੍ਹਾਂ ਬਖਸ਼ੇ ਹੋਏ ਗੁਰਮੁਖ-ਜਨ ਸਿਰਫ ਰਸਨਾ ਨਾਲ ਹੀ ਸਿਮਰਨ ਨਹੀਂ ਕਰਦੇ, **ਬਲਕਿ ਉਨ੍ਹਾਂ ਦਾ ਤਨ, ਮਨ, ਚਿਤ, ਅੰਤਿਸ਼ਕਰਨ-ਇਥੋਂ ਤਕ ਕਿ ਸਮੁੱਚਾ 'ਆਪਾ' ਅਟੁੱਟ ਸਿਮਰਨ ਕਰਦਾ ਹੋਇਆ ਸ਼ਬਦ-ਸੁਰਤ ਵਿਚ 'ਲੀਨ'**



taking care
**promoting repetition of *Naam***
**blesses with a life of *Simran***
involving in Sewa (service)

This extraordinary, unique play of Divine Intuition '**Simran**-life' is clarified in *Gurbani* as follows:

*With the True Name my soul is attached.*
*With the people I have but artificial dealings. 1.*
*My ties are but external and I am happy with all.*
***Like lotus in the water I live separate from them.*** *Pause.*
*By words of mouth I talk with all.*
*But my Lord I keep close to my heart. 2.*
*Though I appear to be very terrible,*
*But my mind is the dust of all men's feet.*
*This slave O Nanak has found the perfect Guru.*
*Within and without, He has shown me the One Lord.* *384-85*

In this way when the seeker's consciousness is focused in the '**Name of the Lord'** then like a **'guest'** he lives a **'detached'** life in this world.

*The Gursikh never forgets the Lord**, like a guest he knows he will have to leave this world*** *(when the time comes)* *VBG 32/1*

*In the world (the gursikh regards) himself as a* ***guest.*** *He does not make any claims but surrenders instead.* *VBG 29/13*

In the mind of an **opium** addict the **'*Simran* of opium' is inevitably going on**. The '**reflection'** of opium can be seen on his face, in the way he looks, speaks and does things in his daily life and he **becomes an embodiment or a form of 'opium'**.

Similarly, the blessed *Gurmukhs* do *Simran* not only with their mouths, **but their body, mind, consciousness and sub-consciousness to the extent that their 'whole self' also become absorbed in *Shabad-Surat* while ding Simran continuously.**

ਹੋ ਜਾਂਦਾ ਹੈ ।

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ (ਪੰਨਾ-੯੪੧)

ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥ (ਪੰਨਾ-੫੫੬)

ਉਨ੍ਹਾਂ ਦੇ ਜੀਵਨ ਦੇ ਹਰ ਪੱਖ, ਜਿਵੇਂ ਉਨ੍ਹਾਂ ਦੀ –

ਕਹਿਣੀ
ਕਰਨੀ
ਰਹਿਣੀ
ਬਹਿਣੀ
ਸੋਚਣੀ
ਚਿਤਵਨੀ
ਕਰਮ-ਧਰਮ
ਕਿਰਤ-ਵਿਰਤ
ਪਾਠ-ਪੂਜਾ
ਪਰਮਾਰਥ
ਸੇਵਾ
ਉਪਕਾਰ
ਪਿਆਰ

– ਆਦਿ ਉਤੇ ਨਾਮ ਦੀ 'ਰੰਗਤ' ਚੜ੍ਹੀ ਹੁੰਦੀ ਹੈ ।

ਉਸ ਦੀ ਤੱਕਣੀ, ਹਰਕਤਾਂ, ਬੋਲਾਂ ਰਾਹੀਂ 'ਪ੍ਰਿਮ-ਪਿਆਲੇ' ਦੇ 'ਨਸ਼ੇ' ਦੀ 'ਝਲਕ' ਪੈਂਦੀ ਹੈ ਤੇ ਉਸਦਾ ਜੀਵਨ 'ਸਿਮਰਨ' ਦਾ ਰੂਪ ਬਣ ਜਾਂਦਾ ਹੈ –

ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥ (ਪੰਨਾ-੭੪੩)

ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥
(ਪੰਨਾ-੧੦੧੯)

ਗੁਣ ਗਾਵਾ ਨਿਤ ਨਿਤ ਸਦ ਹਰਿ ਕੇ
ਮਨੁ ਜੀਵੈ ਨਾਮੁ ਸੁਣਿ ਤੇਰਾ ॥ (ਪੰਨਾ-੫੬੨)

ਨਾਮੁ ਨ ਬਿਸਰੈ ਤਬ ਜੀਵਨੁ ਪਾਈਐ
ਬਿਨਤੀ ਨਾਨਕ ਇਹ ਸਾਰੈ ॥ (ਪੰਨਾ-੧੨੧੪)



*The God conscious being remembers God through every hair of his.* 941

*At every breath he ever remembers the Lord and not a single breath of his passes in vain. His fear of birth and death departs, and he obtains the honor of an eternal life.* 556

Every aspect of their life, like -

speech
deeds
life style
dealing
thinking
recalling
rights and rituals
work-labor
worship
religious pursuit
service
selfless assistance
love

- **etc., are imbued with the hue of *Naam*.**

Through his looks, actions, speech, one **gets a glimpse of the intoxication of Divine-love** and his life **becomes an embodiment of '*Simran*'**.

*Life-giving is Thine Contemplation O, Lord.* 743

*Fruitful is the life of him, who hears of His Lord and remembers, and contemplates Him and thus lives eternally.* 1019

*Daily, everyday and ever I sing Thy praise, O Lord, as my soul lives by hearing Thine Name.* 562

***If one forgets not the Name, then alone one obtains eternal life.***
*Nanak makes this supplication (Ardas)* 1214

ਇਸ ਤਰ੍ਹਾਂ ਗੁਰਮੁਖ ਜਨ ਗ੍ਰਿਹਸਤ ਵਿਚ 'ਉਦਾਸ' ਰਹਿੰਦਿਆਂ ਹੋਇਆਂ ਆਪਣੇ ਪ੍ਰੀਤਮ ਦੇ ਪ੍ਰੀਤ-ਪ੍ਰੇਮ-ਪਿਆਰ ਦੇ ਚਲੂਲੇ ਰੰਗ-ਰਸ ਵਿਚ ਅਲਮਸਤ-ਮਤਵਾਰਾ ਹੋਇਆ ਰਹਿੰਦਾ ਹੈ ।

'ਸ਼ਬਦ-ਸੁਰਤ' ਦੀਆਂ ਪ੍ਰੇਮ-ਸਵੈਪਨਾਵਾਂ ਨੂੰ ਮਾਣਦਿਆਂ ਹੋਇਆਂ —

ਪ੍ਰੀਤ-ਡੋਰੀ ਨਾਲ ਬੱਝਣਾ
ਪ੍ਰੀਤ-ਡੋਰੀ ਦੀ ਖਿੱਚ ਖਾਣੀ
ਪ੍ਰੇਮ-ਬਿਛੋਹ ਵਿਚ ਤੜਪਨਾ
ਹਰੀ-ਕੀਰਤਨ ਵਿਚ ਬਾਣੀ ਦੇ ਤੀਖਣ ਤੀਰ ਸਹਾਰਨੇ
ਪ੍ਰੀਤਮ ਦੇ ਸੁਨੇਹੜੇ ਸੁਣਨੇ
ਪ੍ਰੀਤਮ ਦੇ ਗੁਣ ਗਾਉਣੇ
ਨਾਮ ਦਾ ਰੰਗ-ਰਸ ਮਾਨਣਾ
ਪ੍ਰੇਮ-ਤਰੰਗਾਂ ਦੇ ਤੁਣੇਕੇ ਸਹਿਣੇ
ਅਨਹਦ ਧੁਨੀ ਨਾਲ ਮੋਹੇ ਜਾਣਾ
ਬੇ-ਖਰੀਦ ਗੋਲੇ ਬਣਨਾ
ਸੇਵਾ ਵਿਚ ਗੁਆਚਣਾ

— ਇਹ ਸਭ ਇਲਾਹੀ-ਮੰਡਲ ਦੇ ਹੀ —

**ਤਰੰਗ ਹਨ**
**ਪ੍ਰੇਮ-ਹੰਡੋਲੇ ਹਨ**
**ਰੁਣ-ਝੁਣ ਹੈ**
**ਅਨਹਦ-ਧੁਨੀ ਹੈ**
**'ਸਤਿ ਸੁਹਾਣੁ ਸਦਾ ਮਨਿ ਚਾਉ' ਹੈ**
**ਖੇਲ ਨਿਰਾਲੀ ਹੈ ।**

'ਸਬਦ-ਸੁਰਤ' ਦੀ ਸਮੁਚੀ ਅੰਤ੍ਰਮੁਖੀ, ਆਤਮਿਕ 'ਪ੍ਰਿਮ-ਖੇਲ' ਨੂੰ ਅਨੁਭਵ ਦੁਆਰਾ ਮਾਨਣਾ ਅਤੇ ਵਿਸਮਾਦ ਹੋਣਾ —

**'ਸਿਮਰਨ'**

ਦਾ ਹੀ ਨਤੀਜਾ, ਪ੍ਰਗਟਾਵਾ ਅਤੇ ਪ੍ਰਤੀਕ ਹੈ !



In this way a *Gurmukh* **house holder living in 'detachment' remains intoxicated in the wondrous joy of the love elixir and affection of his Beloved Lord.**

Enjoying the **love-sentiments** of **'*Shabad-Surat*'** -

be tied to the love-chord
experience pull of the love-chord
experience pangs of separation
bear the piercing arrows of Bani in *Kirtan* (singing praises) of the Lord

listen to messages of the Beloved Lord
enjoy love of the *Naam*-Elixir
bear the soft touches of the love-waves

be lost in the infinite celestial music
become invaluable servant

be lost in Sewa (doing service)

\- all these are the Divine-Realm's -

**waves**
**swings of love**
**celestial love melody**

**uninterrupted music**
**true, beautiful and ever abiding mind-elation**
**a unique play**

To **experience through intuition**, the **full innate 'Divine play'** of **'*Shabad-Surat*' and become wondrous** is -

***'Simran's'***

**Outcome, manifestation and proof!**

ਇਹ ਊਚਮ-ਊਚੀ, ਸੂਚਮ-ਸੂਚੀ ਆਤਮਿਕ-ਖੇਲ੍ਹ ਨਿਰਾਲੀ, ਨਿਰਮਲ ਤੇ ਕਠਿਨ ਹੈ, ਪਰ **'ਗੁਰੂ ਦੀ ਕ੍ਰਿਪਾ'** ਤੇ **ਸਾਧ-ਸੰਗਤ ਦੀ ਸਹਾਇਤਾ** ਨਾਲ ਇਹ **'ਗਾਖੜੀ ਖੇਲ੍ਹ'** ਵੀ ਸੌਖੀ ਹੋ ਜਾਂਦੀ ਹੈ —

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗੜ ਕੋ ਰਾਜਾ ॥
(ਪੰਨਾ-੧੧੬੧-੬੨)

ਮਨ ਕਰਹਲਾ ਮੇਰੇ ਪਿਆਰਿਆ ਸਤਿਸੰਗਤਿ ਸਤਿਗੁਰੁ ਭਾਲਿ ॥
**ਸਤਸੰਗਤਿ ਲਗਿ ਹਰਿ ਧਿਆਈਐ** ਹਰਿ ਹਰਿ ਚਲੈ ਤੇਰੈ ਨਾਲਿ ॥
(ਪੰਨਾ-੨੩੪)

ਇਹ 'ਆਤਮਿਕ' **'ਅਨੁਭਵੀ-ਅਵੱਸਥਾ'** ਅਥਵਾ **'ਪ੍ਰੇਮ-ਪਦਾਰਥ'** ਸਿਰਫ ਪੂਰੇ ਸਤਿਗੁਰੂ ਦੀ ਨਦਰ-ਕਰਮ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ, ਇਸ **'ਇਲਾਹੀ-ਦਾਤ'** ਨੂੰ ਜੀਵ ਦੇ ਹੱਠ ਜਾਂ ਜ਼ੋਰ ਨਾਲ ਨਹੀਂ ਪਾਇਆ ਜਾ ਸਕਦਾ :—

**ਜੋਰੁ ਨ ਸੁਰਤੀ ਗਿਆਨਿ ਵੀਚਾਰਿ** ॥ (ਪੰਨਾ-੭)

ਦਾਤੇ ਦਾਤਿ ਰਖੀ ਹਥਿ ਅਪਣੈ
**ਜਿਸੁ ਭਾਵੈ ਤਿਸੁ ਦੇਈ** ॥ (ਪੰਨਾ-੬੦੪)

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ (ਪੰਨਾ-੧੩੭੮)

ਜਿਨ ਕਉ ਪ੍ਰੇਮ ਪਿਆਰੁ **ਤਉ ਆਪੇ ਲਾਇਆ ਕਰਮੁ ਕਰਿ** ॥
(ਪੰਨਾ-੧੪੨੨)

ਇਸ **'ਇਲਾਹੀ-ਦਾਤ'** ਨੂੰ ਪ੍ਰਾਪਤ ਕਰਨ ਲਈ ਗੁਰਬਾਣੀ ਵਿਚ ਹੇਠ ਲਿਖੀ 'ਸਾਧਨਾ' ਦੱਸੀ ਗਈ ਹੈ —

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ **ਹੁਕਮਿ ਮੰਨਿਐ ਪਾਈਐ** ॥
(ਪੰਨਾ-੯੧੮)

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥
**ਮਨੁ ਤਨੁ ਅਰਪਿ** ਤਜਿ ਲਾਜ ਲੋਕਾਨੀ ॥ (ਪੰਨਾ-੭੩੭)

ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥
ਤਨੁ ਮਨੁ ਸਉਪੀ ਆਗੈ ਧਰੀ **ਵਿਚਹੁ ਆਪੁ ਗਵਾਇ** ॥ (ਪੰਨਾ-੭੫੬)

**ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ** ॥ (ਪੰਨਾ-੮੯)



**This lofty of the loftiest, purest of the pure Divine play is unique, without blemish and arduous (difficult), but with the 'Blessing of the *Guru'* and the help of the *Sadh Sangat,* this 'difficult play'** can also become easy.

*Associating with the saints and by the Guru's grace, I captured the king of the fortress. 1161-62*

*O dear soul, put in an earnest endeavor and seek the holy company of Saints and the True Guru.*
***Attached with the congregation of saints, meditate thou on God**, and the Lord Master shall go with thee. 234*

This 'Divine', **'Intuitional state'** or **'love commodity'**, can only be attained through the Divine Grace-Blessing of the *Satguru*. This **'Divine gift' cannot be attained by stubbornness or force: -**

*(I have) no power to gain understanding of Divine Knowledge and Lord's meditation. 7*
*The Bounteous Lord has kept the bounties in His hand and He give these to him alone, whom He likes. 604*

*By one's embracing the love for the Lord is embraced not, even though, all may long for it.*
*This cup of love belongs to the Lord. He gives it to him whom He likes. 1378*

*O Lord, those who have love and attachment for Thee, showing Thy mercy, Thou Thyself, attach them with Thee. 1422*

To obtain this **'Divine gift'**, Gurbani tells the following way: -

*Surrender all your body, soul and wealth unto the Guru and **submit to his will, thus shall you obtain the Lord**. 918*

*O my mate, hear the way to meet thy Lord.*
***Dedicate thy soul and body** to Him and lay aside the idea of feeling shame from the people. 737*

*I praise my Guru and bowing low fall at his feet.*
***Banishing self-conceit** from within me, I dedicate my body and soul and place them before the Guru. 756*
***She ought to dedicate her soul and body to her spouse and nurture affection for His word.** 89*

**'ਸਿਮਰਨ' ਦੀ ਅੰਤ੍ਰਮੁਖੀ ਅਨੁਭਵੀ 'ਪ੍ਰਿਮ-ਖੇਲ' ਨੂੰ ਸਾਡੀ ਅੰਤਕੀ ਬੁਧੀ ਪਕੜ ਨਹੀਂ ਸਕਦੀ --**

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥ (ਪੰਨਾ-੨੧੯)

ਫਿਰ ਵੀ ਇਸ ਅਨੋਖੀ ਆਤਮਿਕ 'ਪ੍ਰਿਮ-ਖੇਲ' ਨੂੰ ਇਸ਼ਾਰੇ-ਮਾਤਰ ਜਾਂ 'ਟੋਹ-ਮਾਤਰ' ਸਾਡੀ ਅਲਪ-ਬੁਧੀ ਦੇ ਸਮਝ-ਗੋਚਰਾ ਕਰਨ ਲਈ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ --

ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥
ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ ॥ (ਪੰਨਾ-੫੪੫)

ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ ॥
ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥ (ਪੰਨਾ-੪੩੬)

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ ॥
ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ ॥ (ਪੰਨਾ-੩੦੧)

ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ ॥
ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ ॥
(ਪੰਨਾ-੬੦੭)

ਸਬਦ ਸੁਰਤਿ ਲਿਵ ਲੀਣ ਹੋਇ ਅਕਥ ਕਥਾ ਗੁਰ ਸਬਦੁ ਸੁਣੰਦੇ ।
(ਵਾ.ਭਾ.ਗੁ.-੬/੧੪)

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ (ਪੰਨਾ-੬੫੯)

ਨਾਮੇ ਪ੍ਰੀਤਿ ਨਾਰਾਇਣ ਲਾਗੀ ॥
ਸਹਜ ਸੁਭਾਇ ਭਇਓ ਬੈਰਾਗੀ ॥ (ਪੰਨਾ-੧੧੬੪)

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥ (ਪੰਨਾ-੩੮੪)

ਜਿਉਂ-ਜਿਉਂ ਜਗਿਆਸੂ ਦਾ ਇਲਾਹੀ ਪਿਆਰ **ਤੀਬਰ ਤੇ ਤੀਖਣ** ਹੁੰਦਾ ਜਾਂਦਾ ਹੈ, ਉਸਦੀ **ਬ੍ਰਿਹੋਂ ਦੀ ਤੜਪ ਵਧਦੀ ਜਾਂਦੀ ਹੈ**, ਤੇ ਉਹ ਪ੍ਰੀਤਮ ਦੇ ਦਰਸ਼ਨਾ ਲਈ **ਬਿਹਬਲ ਹੋਇਆ** ਅਰਦਾਸਾਂ ਤੇ ਜੋਦੜੀਆਂ ਕਰਦਾ ਰਹਿੰਦਾ ਹੈ --



**Our limited intellect cannot grasp '*Simran's inner* intuitional 'Divine love-play' -**

*O slave Nanak this is a difficult game only a few know it through the Guru. 219*

Even then, Gurbani says following about this unique **'Divine love-play'** to be witnessed or experienced even momentarily by our limited intellect -

*There ever is bliss and merry-making and resound there the celestial strain.*
*Meeting together the holy men sing Lords praises and hail victory to the Master. 545*

*Divine music and the Divine music plays to the accompaniment of the air of the musical instruments.*
*My soul and my soul is imbued with the love of my Darling Beloved. 436*

*The whole day long, my soul and body remain imbued with the love of my Beloved.*
*Show mercy onto slave Nanak, O Lord, that he may abide in peace by meeting the Satguru. 301*

*The Lord's love is supremely sweet unto me.*
*When I met with the congregation of the holy persons, God the peace-incarnate, came unto my mind. 607*

*Those imbued in the Shabad Surat narrate the unnarratable Shabad of the Guru. VBG 6/14*

*True Love I have joined with Thee, O Lord.*
*Attaching myself to Thee, I have broken with all others. 659*

*Nama is in love with His Lord.*
*He has easily become detached. 1164*

*With the true Name, my soul is attached.*
*With people I have but artificial dealing. 384*

As the spiritual love of the seeker **becomes intense and sharp, pangs of separation from the Lord increases his longing** and, **in his helplessness**, he continues to supplicate and beg **for the vision** or sight of the Beloved.

ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
**ਹਉ ਤਿਸੁ ਪਹਿ ਆਪੁ ਵੇਚਾਈ ॥੧॥**
ਦਰਸਨੁ ਹਰਿ ਦੇਖਣ ਕੈ ਤਾਈ ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥
(ਪੰਨਾ-੭੫੭)

ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ ॥
ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ ॥ (ਪੰਨਾ-੯੨੮)

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥
ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ ॥
(ਪੰਨਾ-੨੦੪)

ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ ॥
ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋਲਾਈਆ ॥ (ਪੰਨਾ-੧੦੯੮)

ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥
(ਪੰਨਾ-੩੬੯)

ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ ॥
ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ ॥
(ਪੰਨਾ-੭੧੧)

ਇਸ ਪ੍ਰੇਮ-ਮਈ ਅਲੌਕਿਕ **'ਬੈਰਾਗ'** ਦੀ ਅਵਸਥਾ ਨੂੰ ਕੋਈ ਵਿਰਲਾ ਗੁਰਮੁਖ ਹੀ ਜਾਣਦਾ ਜਾਂ ਬੁਝਦਾ ਹੈ —

**ਪ੍ਰੇਮ ਕੀ ਸਾਰ ਸੋਈ ਜਾਣੈ** ਜਿਸ ਨੋ ਨਦਰਿ ਤੁਮਾਰੀ ਜੀਉ ॥(ਪੰਨਾ-੧੦੧੬)

ਐਸੇ ਤੀਬਰ **'ਬੈਰਾਗ'** ਦੀ ਹਾਲਤ ਵਿਚ ਜਦ ਸਤਿਗੁਰੂ ਦੀ ਨਦਰ-ਕਰਮ ਹੁੰਦੀ ਹੈ ਤਾਂ ਅਚਾਨਕ 'ਆਤਮ-ਪ੍ਰਕਾਸ਼' ਦੁਆਰਾ ਪ੍ਰਭੂ ਰੂਪੀ 'ਕੰਤ' ਨਾਲ ' ਮੇਲ' ਹੁੰਦਾ ਹੈ । ਇਸ 'ਸੁਹਾਵਣੀ ਘੜੀ' ਨੂੰ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਉਂ ਬਿਆਨ ਕੀਤਾ ਗਿਆ ਹੈ —

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ ।
ਸੁਰਤਿ ਮੈ ਨ ਸੁਰਤਿ ਔ ਧਯਾਨ ਮੈ ਨ ਧਯਾਨ ਰਹਯੋ
ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ ।
(ਕਬਿਤ ਭਾ. ਗੁਰਦਾਸ ਜੀ)



*Let someone come and make me meet my darling Beloved. For the sake of seeing the Lords sight, **I will sell myself to him.***
*If the Lord shows mercy unto me, then He makes me meet with the true Guru and I contemplate the Lord Master's Name.* *757*

*Thirsty with desire, I wonder, thinking when I shall behold my Lord. O Nanak is there any friendly holy man, who may unite me with the Master.* *928*

*To see the vision of God, my soul remembers Him.*
*In the hope and thirst of seeing my Lord, day and night, I think of him. Is there any saint, who may intimately unite me with Him?* *204*

*My mind longs to meet my God. How can I behold His vision?*
*I deem to obtain lacs of rupees, if Thou, O Lord talk to me even for an instant.* *1098*

*Mother, O my mother, tell me of my Beloved Lord.*
*Without God, I cannot live even for a moment and I love Him, as the camel does the creeper.* *369*

*Without God my soul can live not.*
*If the Guru unites me with my life like darling Lord God, I shall not, again, go around the dreadful world ocean.* *711*

Only some rare *Gurmukh* experiences or unravels this extraordinary **love-filled 'pangs of separation'** -

*He **alone realizes the worth of this love**, on whom is Your grace, O Lord.* *1016*

In such intense **'pangs of separation'** when the blessing and grace of the *Satguru* descends then suddenly through 'Divine illumination' the 'link' is established with Husband Lord. This 'wonderful moment' has been described thus in *Gurbani* and the Vars of Bhai Gurdas -

*On meeting the Lord, I lost all sense of sensation,*
*all sense of wisdom and all sense of mind presence.*
*Consciousness turned unconscious, awareness into unawareness,*
*Knowledge turned to no knowledge, ritual into a non-ritual*
*Kabit Bhai Gurdas*

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥
ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ ॥
(ਪੰਨਾ-੮੩੬)

ਮਾਈ ਰੀ ਪੇਖਿ ਰਹੀ ਬਿਸਮਾਦ ॥
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥ (ਪੰਨਾ-੧੨੨੬)

ਦੇਖਹੁ ਅਚਰਜੁ ਭਇਆ ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥
(ਪੰਨਾ-੬੧੨)

ਇਹ ਨਿਰੋਲ **ਚੌਥੇ ਪਦ ਦੇ 'ਪ੍ਰਕਾਸ਼-ਮੰਡਲ'** ਦੀ ਅਸਚਰਜ ਬਿਸਮਾਦੀ **'ਪ੍ਰਿਮ-ਖੇਲ'** ਹੈ, ਜੋ **ਸਤਿਗੁਰੂ ਦੀ ਨਦਰ-ਕਰਮ ਦੁਆਰਾ 'ਅੰਤ੍ਰਮੁਖੀ-ਸਿਮਰਨੁ'** ਅਥਵਾ **ਸ਼ਬਦ-ਸੁਰਤ ਦੀ ਕਮਾਈ ਨਾਲ ਪ੍ਰਦਾਨ ਹੁੰਦੀ ਹੈ** । ਇਥੇ ਤ੍ਰੈਗੁਣੀ ਮਾਇਆ ਦੇ ਹੱਦ-ਬੰਨੇ ਟੁੱਟ ਜਾਂਦੇ ਹਨ ਅਤੇ ਬੱਦਲਾਂ ਦੀ ਤਰ੍ਹਾਂ ਮਾਇਆ ਦੀ ਹਸਤੀ ਉੱਡ-ਪੁੱਡ ਜਾਂਦੀ ਹੈ ।

ਇਸ ਉੱਚੀ-ਸੁੱਚੀ ਆਤਮ-ਮੰਡਲ ਦੀ **'ਪ੍ਰਿਮ-ਖੇਲ'** ਨੂੰ ਸਾਡੀ ਅਲਪ-ਬੁਧੀ ਨਾਲ ਸੰਪੂਰਨ ਤੌਰ ਤੇ ਸਮਝਿਆ, ਬੁਝਿਆ ਜਾ ਬਿਆਨਿਆ ਨਹੀਂ ਜਾ ਸਕਦਾ —

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ (ਪੰਨਾ-੧੩੭੦)

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੇ ॥ (ਪੰਨਾ-੬੫੭)

ਅਚਰਜੁ ਕਿਛੁ ਕਹਣੁ ਨ ਜਾਈ ॥
ਬਸਤੁ ਅਗੋਚਰ ਭਾਈ ॥ (ਪੰਨਾ-੮੮੩)

ਬਿਸਮਨ ਬਿਸਮ ਭਏ ਜਉ ਪੇਖਿਓ
ਕਹਨੁ ਨ ਜਾਇ ਵਡਿਆਈ ॥ (ਪੰਨਾ-੮੨੧)

ਇਹ **'ਸ਼ਬਦ-ਸੁਰਤਿ-ਲਿਵਲੀਨ'** ਦੀ ਅਵਸਥਾ ਹੈ, ਜਿਸ ਨੂੰ ਚੌਥਾ-ਪਦ ਜਾਂ **'ਸਹਿਜ-ਸਮਾਧਿ'** ਵੀ ਕਿਹਾ ਜਾਂਦਾ ਹੈ । ਇਸ **ਆਤਮਿਕ 'ਪ੍ਰਿਮ-ਰਸ' ਵਿਚੋਂ ਨਿਕਲਣਾ** ਜਗਿਆਸੂ ਲਈ 'ਮੌਤ' ਦੇ ਬਰਾਬਰ ਹੁੰਦਾ ਹੈ —

ਆਖਾ ਜੀਵਾ ਵਿਸਰੈ ਮਰਿ ਜਾਉ ॥ (ਪੰਨਾ-੯)

ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ
ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥ (ਪੰਨਾ-੫੬੨)



*The Guru-God, the bewitcher has bewitched my soul.*
*Seeing my Guru, I am wonder-struck and have entered the realm of beatitude.* 836

*O my mother, I am wonder-struck to see my Lord.*
*My soul is bewitched by the unstruck melody, wondrous is whose relish.* 1226

*Lo, a wondrous thing has happened.*
*The Lord whose knowledge is spoken of as unfathomable, Him, the*
*Guru has enshrined within my mind.* 612

This unique **fourth state of the 'Illumined Realm'** is the wondrous **'Divine love-play'** that through the **Blessing and Grace of the *Satguru*,** manifests itself with **'Intuitional *Simran*'** or **the practice of *Shabad Surat***. Here the borders of the three merited *Mayaci* world get shattered and like clouds, the *Maya* existence disappear.

It is impossible for our limited intellect to understand, unravel or express this pure and sublime **'Divine love-play'** of the Divine Realm -

*Kabir, how can I tell thee, the extent of the joy of the Lord's lotus feet?*
*Its sublimity can be described not. It can only be seen and realized.* 1370

*A dumb man tastes the flavor of great elixir; if you ask him, he cannot describe it.* 637

*Wondrous is this commodity, which cannot be described.*
*It is an incomprehensible commodity, O brother.* 883

*When I saw within, I was astonished and astounded. Its glory I can narrate not.* 821

This is the stage of **'Shabad Surat concentration'** which is also called the fourth state or **'spontaneous (effortless) meditation'**. For the seeker to **come out of this Intuitive 'Divine -elixir'** is equivalent to 'death' -

*By repeating Thy Name, I live. By forgetting It, I die.* 9

*O Nanak, the moment I forget my Lord, at that very time my soul ceases to live.* 562

ਹਰਿ ਬਿਨੁ ਰਹਿ ਨ ਸਕਉ ਇਕ ਰਾਤੀ ॥
ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ
ਤਿਉ ਹਰਿ ਬਿਨੁ ਹਮ ਮਰਿ ਜਾਤੀ ॥ (ਪੰਨਾ-੬੬੮)

ਇਸ ਆਤਮਿਕ-ਅਵਸਥਾ ਨੂੰ **ਗੁਰਬਾਣੀ** ਵਿਚ ਇਉਂ ਬਿਆਨ ਕੀਤਾ ਗਿਆ ਹੈ —

ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥
ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥ (ਪੰਨਾ-੧੨੩੨)

ਤੇਰਾ ਜਨੁ ਰਾਮ ਰਸਾਇਣਿ ਮਾਤਾ ॥
ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ ॥ (ਪੰਨਾ-੫੩੨)

ਅਨਦਿਨੁ ਸਹਜ ਸਮਾਧਿ ਹਰਿ ਲਾਗੀ
ਹਰਿ ਜਪਿਆ ਗਹਿਰ ਗੰਭੀਰਾ ॥ (ਪੰਨਾ-੫੭੪)

ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥
(ਪੰਨਾ-੩੬੦)

ਇਸ ਹਾਲਤ ਵਿਚ 'ਗੁਰਮੁਖ-ਜਨ' ਦਾ ਹਿਰਦਾ **ਉਛਲ-ਉਛਲ** ਕੇ ਆਪ-ਮੁਹਾਰੇ ਕਹਿ ਉਠਦਾ ਹੈ—

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥ (ਪੰਨਾ-੧੧੩੭)

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥ (ਪੰਨਾ-੩੭੦)

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥
ਹਉ ਆਕਲ ਬਿਕਲ ਭਈ ਗੁਰ ਦੇਖੇ
ਹਉ ਲੋਟ ਪੋਟ ਹੋਇ ਪਈਆ ॥ (ਪੰਨਾ-੮੩੬)

**'ਆਤਮਿਕ ਮੰਡਲ'** ਦੀ ਇਹ ਅਵਸਥਾ :—

**ਪ੍ਰਮਾਰਥ ਦੀ 'ਮੰਜ਼ਿਲ' ਹੈ**

**ਸ਼ਬਦ-ਸੁਰਤ ਦੀ ਲੀਣਤਾ ਹੈ**

**ਆਤਮਿਕ ਘਾਲਣਾ ਦੀ ਸਫਲਤਾ ਹੈ**



*Without God, I can live not even for a second.*
*As an opium - addict dies without opium, so perish I without the Lord.* *668*

This spiritual state has been described as follows in ***Gurbani*** -

*In profound concentration, I am ever attached to the love of my God.*
*I live by singing the Lord's praise.*
*Imbued with the Guru's word, I have become detached and in meditative mood, I bide in my very home.* *1232*

*Thy servant, O Lord, is intoxicated with Thy elixir.*
*He, who obtains the treasure of the Nectar of love, forsakes it not to go elsewhere.* *532*

*Night and day, such a mortal remains absorbed in the celestial trance and meditates on the Profound and Unfathomable Lord Master.* *574*

*O sire, by quaffing the Name-Nectar, the mind becomes intoxicated and easily remains absorbed in Lord's love.* *360*

In this condition the *Gurmukh's* heart **jumps and leaps** itself and he cries out -

***Excellent, excellent, excellent, excellent, excellent is Thy Name.***
***False, false, false, false is the worldly love.*** *1137*

*Hear O people, I have obtained the essence of love.* *370*

*The Guru-God, the bewitcher has bewitched my soul.*
*Seeing my Guru, I have been wonder-struck and entered the realm of beatitude.* *836*

This state of the **'Divine Realm'** is the: -

**'destination' of the spiritual path**

**merging of the Shabad Surat**

**success of the spiritual efforts**

ਪ੍ਰੇਮ ਸਵੇਪਨਾਵਾਂ ਦੀਆਂ **ਅਕਾਸ਼ੀ ਉਡਾਰੀਆਂ** ਹਨ

ਪ੍ਰਿਮ-ਰਸ ਦੀ **ਮਸਤੀ ਹੈ**

ਪਿਆਰ ਦੀ **ਮਿਠੜੀ-ਮਹਿਕ** ਹੈ

ਨਾਮ **ਨਿਧਾਨ** ਹੈ

ਨਾਮ ਦਾ **ਮਹਾ-ਰੱਸ** ਹੈ

ਨਾਮ ਦਾ **ਚਲੂਲਾ** ਰੰਗ ਹੈ

ਨਾਮ ਦੀ **ਪਾਰਸ-ਕਲਾ** ਹੈ

ਇਲਾਹੀ ਪ੍ਰੀਤ-ਡੋਰੀ ਦੀ **ਖਿੱਚ** ਹੈ

ਅਨਹਦ ਧੁਨੀ ਦੀ **ਰੁਣ-ਝੁਣ** ਹੈ

**ਪ੍ਰੇਮ-ਪਦਾਰਥ** ਹੈ

**ਪ੍ਰੇਮਾ-ਭਗਤੀ** ਹੈ

**ਭਗਤ-ਭੰਡਾਰ** ਹੈ

'ਸਿਮਰਨ-ਜੀਵਨ' ਦੀ **ਸੰਪੂਰਨਤਾ** ਹੈ

**ਨਦਰ-ਕਰਮ** ਹੈ

ਨਦਰੀ ਨਦਰ **ਨਿਹਾਲ** ਹੈ

**ਸਹਜ-ਸਮਾਧ** ਹੈ

ਅਕੱਥ-ਕਥਾ ਹੈ

ਪਰਮ-ਪਦੁ ਹੈ

**ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥**
**ਪਾਵਹੁ ਤੇ ਪਿਗੁੰਲ ਭਇਆ ਮਾਰਿਆ ਸਤਿਗੁਰ ਬਾਨ ॥ (ਪੰਨਾ-੧੩੭੪)**

**ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥ (ਪੰਨਾ-੬੫੭)**



**flight in the sky** of love sentiments

**intoxication** of the Divine -elixir

**sweet perfume** of love

**treasure** of *Naam*

**sublime elixir** of *Naam*

**unparalleled hue** of *Naam*

**touch stone power** of *Naam*

**pull** of the Divine **love-chord**

**celestial melody** unstruck sound
**gift of love**

**devotional love** meditation

**meditation treasure**

**culmination** of '*Simran* life'
**Divine blessing and grace**

**joy of being** in grace

**spontaneous meditation**

**unnarratable sermon**
supreme state

*Kabir, I have become dumb, insane and my ears are blocked.*
*I have also become lame-footed for the true Guru has pierced me with His arrow.*
*1374*
*A dumb man tastes the flavor of great elixir; if you ask him, he cannot describe it.*
*657*

ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ
ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ ॥
ਗੁਰ ਦੇਖੇ ਸਰਧਾ ਮਨ ਪੂਰੀ
ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ ॥੧॥
ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ ॥
ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ
ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ ॥੧॥ ਰਹਾਉ॥ (ਪੰਨਾ-੮੩੬)

ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ ॥
ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ ॥ (ਪੰਨਾ-੪੫੯)

ਹਾਂ ਜੀ !

ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ !

ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ !!

ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ !!!

**'ਖੋਜੀ'**



*Within my mind and body is the love of the infinite Lord.*
*Every instant immense faith wells up in my mind.*
*Seeing the Guru, my minds yearning is fulfilled, as the pied cuckoo is pacified, when after plaintive cry, the raindrop falls into its mouth.*
*Meet, meet me, O my mates and utter to me the Lord's discourse.*
*The true Guru has mercifully united me with my Lord.*
*Chopping, chopping off my head, I offer it to Him.* *836*

*My mates meet me and say, "Tell us of the distinctive sign of your Spouse".*
*I was so filled with the elixir of His love that I could not say anything.* *459*

**Yes sir!**

*I was so* ***filled with the elixir of His love that I could not say anything!***

*I was so* ***filled with the elixir of His love that I could not say anything!!***

*I was so* ***filled with the elixir of His love that I could not say anything!!!***

**End**

**'KHOJI'**